[صحيح] [رواه مسلم]

ਹਨ। ਜੇਕਰ ਸਾਰੇ ਇਨਸਾਨ ਮਿਲਕੇ ਉਨ੍ਹਾਂ ਵਿੱਚ ਮੌਜੂਦ ਸਭ ਤੋਂ ਵੱਧ ਨੇਕ ਬੰਦੇ ਦੇ ਦਿਲ ਵਾਂਗ ਹੋ ਜਾਣ, ਤਾਂ ਉਨ੍ਹਾਂ ਦੀ ਇਸ ਨੇਕੀ ਨਾਲ ਅੱਲਾਹ ਦੀ ਬਾਦਸ਼ਾਹੀ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਇਸਦੇ ਉਲਟ ਜੇਕਰ ਉਹ ਸਾਰੇ ਮਿਲਕੇ ਸਭ ਤੋਂ ਵੱਧ ਪਾਪੀ ਬੰਦੇ ਦੇ ਦਿਲ ਵਾਂਗ ਹੋ ਜਾਣ, ਤਾਂ ਉਨ੍ਹਾਂ ਦੀ ਇਸ ਹਠਧਰਮੀ ਨਾਲ ਅੱਲਾਹ ਦੀ ਬਾਦਸ਼ਾਹੀ ਵਿੱਚ ਭੋਰਾ-ਭਰ ਵੀ ਘਾਟਾ ਨਹੀਂ ਹੋਵੇਗਾ। ਇਹ ਸਭ ਇਸ ਲਈ ਹੈ ਕਿਉਂਕਿ ਉਹ ਸਾਰੇ ਕਮਜ਼ੋਰ ਅਤੇ ਹਰ ਹਾਲ, ਹਰ ਸਮੇਂ ਤੇ ਹਰ ਥਾਂ ਵਿੱਚ ਅੱਲਾਹ ਦੇ ਮੁਹਤਾਜ ਹਨ, ਜਦੋਂ ਕਿ ਅੱਲਾਹ ਤਆਲਾ ਬੇਨਿਆਜ਼ (ਖੁਦਮੁਖਤਾਰ) ਤੇ ਬੇਪਰਵਾਹ ਹੈ। ਜੇਕਰ ਸਾਰੇ ਇਨਸਾਨ ਅਤੇ ਜਿੰਨ, ਪਹਿਲਾਂ ਵਾਲੇ ਵੀ ਤੇ ਬਾਅਦ ਵਾਲੇ ਵੀ, ਇੱਕ ਥਾਂ 'ਤੇ ਇਕੱਠੇ ਖੜੇ ਹੋ ਕੇ ਅੱਲਾਹ ਤਆਲਾ ਤੋਂ ਆਪਣੀਆਂ-ਆਪਣੀਆਂ ਮੰਗਾਂ ਮੰਗਣ, ਅਤੇ ਅੱਲਾਹ ਹਰੇਕ ਨੂੰ ਉਸ ਦੀ ਮੰਗ ਮੁਤਾਬਕ ਦੇ ਦੇਵੇ, ਤਾਂ ਇਸ ਨਾਲ ਅੱਲਾਹ ਦੇ ਖ਼ਜ਼ਾਨੇ ਵਿੱਚ ਕੋਈ ਕਮੀ ਨਹੀਂ ਆਵੇਗੀ। ਇਹ ਇੰਜ ਹੈ ਕਿ ਜਿਵੇਂ ਇੱਕ ਸੁਈ ਨੂੰ ਸਮੁੰਦਰ ਵਿੱਚ ਡੁਬੋ ਕੇ ਕੱਢ ਲਿਆ ਜਾਵੇ, ਤਾਂ ਉਸ ਨਾਲ ਸਮੁੰਦਰ ਦੇ ਪਾਣੀ ਵਿੱਚ ਕੋਈ ਕਮੀ ਨਹੀਂ ਆਉਂਦੀ। ਇਹ ਸਭ ਇਸ ਲਈ ਹੈ ਕਿ ਅੱਲਾਹ ਸੰਪੂਰਨ ਤੌਰ 'ਤੇ ਬੇਨਿਆਜ਼ ਹੈ। ਅੱਲਾਹ ਤਆਲਾ ਬੰਦਿਆਂ ਦੇ ਕਰਮਾਂ ਨੂੰ ਸੁਰੱਖਿਅਤ ਤੇ ਗਿਣਕੇ ਰੱਖਦਾ ਹੈ, ਅਤੇ ਕਿਆਮਤ ਦੇ ਦਿਨ ਉਨ੍ਹਾਂ ਨੂੰ ਉਨ੍ਹਾਂ ਦੇ ਅਮਲਾਂ (ਕਰਮਾਂ) ਦਾ ਪੂਰਾ ਬਦਲਾ ਵੀ ਦੇਵੇਗਾ। ਸੋ ਜੋ ਕੋਈ ਵੀ ਆਪਣੇ ਅਮਲਾਂ ਦਾ ਬਦਲਾ ਚੰਗਾ ਪਾਵੇ, ਉਸ ਨੂੰ ਚਾਹੀਦਾ ਹੈ ਕਿ ਅੱਲਾਹ ਦਾ ਸ਼ੁਕਰ ਕਰੇ ਕਿ ਉਸਨੇ ਉਸ ਬੰਦੇ ਨੂੰ ਨੇਕ ਕੰਮ ਕਰਨ ਦਾ ਮੌਕਾ ਦਿੱਤਾ ਅਤੇ ਜੋ ਕੋਈ ਇਸ ਤੋਂ ਵੱਖ ਬਦਲਾ ਪਾਵੇ, ਉਸ ਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਹੀ ਦੋਸ਼ ਦੇਵੇ, ਕਿ ਉਸਦੇ ਮਨ ਨੇ ਉਸਨੂੰ ਮਾੜੇ ਕੰਮਾਂ ਵੱਲ ਤੋਰਿਆ, ਜਿਸ ਨਾਲ ਉਹ ਘਾਟਾ ਖਾਣ ਵਾਲਾ ਤੇ ਬਰਬਾਦ ਹੋ ਗਿਆ।

http://sunnah.global/hadeeth/pa/show/4810